ਵਰਕਰਾਂ ਲਈ ਚਰਚਾ ਪੱਤਰ*

ਬ੍ਰਿਟਿਸ਼ ਕੋਲੰਬੀਆ ਵਿੱਚ ਐਪ-ਅਧਾਰਿਤ ਰਾਈਡ-ਹੇਲ ਅਤੇ ਫੂਡ-ਡਿਲਿਵਰੀ ਵਰਕਰਾਂ ਲਈ ਰੁਜ਼ਗਾਰ ਮਿਆਰਾਂ ਅਤੇ ਹੋਰ ਸੁਰੱਖਿਆਵਾਂ ਦਾ ਪ੍ਰਸਤਾਵ

** ਵਰਕਰਾਂ ਦਾ ਸੰਸਕਰਣ*

BRITISH COLUMBIA
Ministry of Labour

2023 ਜੁਲਾਈ

ਪਰਿਚੈ

ਇਹ ਪੇਪਰ ਬੀ.ਸੀ. ਵਿੱਚ ਐਪ-ਅਧਾਰਿਤ ਰਾਈਡ-ਹੇਲ ਅਤੇ ਫੂਡ-ਡਿਲਿਵਰੀ ਵਰਕਰਾਂ ਲਈ ਰੁਜ਼ਗਾਰ ਦੇ ਮਿਆਰਾਂ ਅਤੇ ਹੋਰ ਸੁਰੱਖਿਆਵਾਂ 'ਤੇ ਲੇਬਰ ਮੰਤਰਾਲੇ ਦੀ ਸ਼ਮੂਲੀਅਤ ਨੂੰ ਜਾਰੀ ਰੱਖਦਾ ਹੈ।[1] ਇਹ ਸ਼ਮੂਲੀਅਤ, ਜੋ ਕਿ 2022 ਦੀ ਪੱਤਝੜ ਵਿੱਚ ਸ਼ੁਰੂ ਹੋਈ ਸੀ, ਲੇਬਰ ਮੰਤਰੀ ਅਤੇ ਲੇਬਰ ਲਈ ਸੰਸਦੀ ਸਕੱਤਰ ਲਈ ਇੱਕ ਲਾਜ਼ਮੀ ਤਰਜੀਹ ਦਾ ਸਮਰਥਨ ਕਰਦੀ ਹੈ।

ਹੁਣ ਤੱਕ ਦੀਆਂ ਸ਼ਮੂਲੀਅਤਾਂ ਤੋਂ ਸਾਹਮਣੇ ਆਏ ਮੁੱਖ ਵਿਸ਼ਿਆਂ ਦਾ ਸਾਰ *ਅਸੀਂ ਜੋ ਸੁਣਿਆ ਰਿਪੋਰਟ (What We Heard Report)* ਵਿੱਚ ਦਿੱਤਾ ਗਿਆ ਹੈ। ਹੁਣ ਮੰਤਰਾਲਾ ਪ੍ਰਮੁੱਖ ਤਰਜੀਹਾਂ ਅਤੇ ਵਰਕਰਾਂ ਦੁਆਰਾ ਉਠਾਈਆਂ ਗਈਆਂ ਚਿੰਤਾਵਾਂ ਲਈ ਸੰਭਾਵਿਤ ਅਹਿਮ ਮਾਪਦੰਡਾਂ ਅਤੇ ਸੁਰੱਖਿਆਵਾਂ 'ਤੇ ਵਿਚਾਰ ਮੰਗ ਰਿਹਾ ਹੈ।

ਮੰਤਰਾਲਾ ਬੀ.ਸੀ. ਵਿੱਚ ਰਾਈਡ-ਹੇਲ ਅਤੇ ਫੂਡ-ਡਿਲਿਵਰੀ ਸੇਵਾਵਾਂ ਨੂੰ ਸੰਭਵ ਰੱਖਦੇ ਹੋਏ ਅਜਿਹੇ ਹੱਲ ਤਿਆਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਜਿਨ੍ਹਾਂ ਨੂੰ ਤੁਹਾਡੇ ਵਰਗੇ ਵਰਕਰ ਮਹੱਤਵ ਦਿੰਦੇ ਹਨ। ਇਨ੍ਹਾਂ ਨਾਲ ਕੰਮ ਕਰਨ ਦੀ ਅਜ਼ਾਦੀ ਨੂੰ ਬਣਾਈ ਰੱਖਿਆ ਜਾ ਸਕੇਗਾ, ਇਸ ਦਾ ਮਤਲਬ ਹੈ ਜਦੋਂ ਤੁਸੀਂ ਚਾਹੋ ਕੰਮ ਕਰੋ, ਜਦੋਂ ਚਾਹੋ ਲੌਗਇਨ ਕਰੋ/ਕੰਮ 'ਤੇ ਹਾਜ਼ਰ ਹੋਵੋ, ਅਤੇ ਓਨਾ ਚਿਰ ਕੰਮ ਕਰੋ, ਜਿੰਨਾ ਚਿਰ ਤੁਸੀਂ ਚਾਹੁੰਦੇ ਹੋ।

ਤੁਹਾਡੇ ਤੋਂ, ਯਾਨੀ ਵਰਕਰਾਂ ਤੋਂ ਸਿੱਧੇ ਤੌਰ 'ਤੇ ਸੁਣਨਾ ਮੰਤਰਾਲੇ ਦੀ ਤਰਜੀਹ ਹੈ। ਇਸ ਪੇਪਰ ਵਿੱਚ ਕੁਝ ਸੰਭਾਵੀ ਪ੍ਰਸਤਾਵ ਹਨ, ਅਤੇ ਅਸੀਂ ਜਾਣਨਾ ਚਾਹਾਂਗੇ ਕਿ ਤੁਸੀਂ ਕੀ ਸੋਚਦੇ ਹੋ। ਜੇ ਤੁਸੀਂ ਰਾਈਡ-ਹੇਲ ਜਾਂ ਫੂਡ-ਡਿਲੀਵਰੀ ਵਿੱਚ ਕਿਸੇ ਐਪ ਲਈ ਕੰਮ ਕਰ ਰਹੇ ਹੋ, ਤਾਂ ਕਿਰਪਾ ਕਰਕੇ ਕਿਸੇ ਵੀ ਜਾਂ ਸਾਰੇ ਸਵਾਲਾਂ 'ਤੇ ਆਪਣੇ ਵਿਚਾਰ **30 ਸਤੰਬਰ, 2023** ਤੱਕ **precariousworkstrategy@gov.bc.ca** 'ਤੇ ਈਮੇਲ ਕਰੋ।

ਕਿਉਂਕਿ ਇੱਕ ਐਪ-ਅਧਾਰਿਤ ਕੰਪਨੀ ਲਈ ਫੂਡ ਡਿਲਿਵਰ ਕਰਨ ਜਾਂ ਗੱਡੀ ਚਲਾਉਣ ਵਾਲੇ ਵਰਕਰਾਂ ਲਈ ਉਚਿਤ ਰੁਜ਼ਗਾਰ ਮਿਆਰ ਅਤੇ ਹੋਰ ਸੁਰੱਖਿਆਵਾਂ ਡਿਜ਼ਾਈਨ ਕਰਨਾ ਗੁੰਝਲਦਾਰ ਹੈ, ਅਸੀਂ ਇਹਨਾਂ ਚਾਰ ਪ੍ਰਮੁੱਖ ਚਿੰਤਾਵਾਂ ਨਾਲ ਸ਼ੁਰੂ ਕਰਦੇ ਹੋਏ, ਪੜਾਵਾਂ ਵਿੱਚ ਇਸ 'ਤੇ ਵਿਚਾਰ ਕਰ ਰਹੇ ਹਾਂ:

1. ਉਚਿਤ ਭੁਗਤਾਨ (ਤਨਖਾਹ)
2. ਤਨਖ਼ਾਹ ਅਤੇ ਮੰਜ਼ਿਲ ਬਾਰੇ ਪਾਰਦਰਸ਼ਤਾ
3. ਅਕਾਊਂਟ ਅਸਥਾਈ ਤੌਰ 'ਤੇ ਮੁਅੱਤਲ ਅਤੇ ਬੰਦ ਕਰਨ ਲਈ ਇੱਕ ਉਚਿਤ ਪ੍ਰਕਿਰਿਆ
4. ਵਰਕਰ ਦੀ ਸੁਰੱਖਿਆ ਅਤੇ ਵਰਕਰਜ਼ ਕੰਪੰਸੇਸ਼ਨ (ਮੁਆਵਜ਼ਾ)

(ਮੰਤਰਾਲਾ ਬਾਅਦ ਦੇ ਪੜਾਵਾਂ ਵਿੱਚ ਹੋਰ ਸੰਭਾਵੀ ਮਾਪਦੰਡਾਂ 'ਤੇ ਸ਼ਮੂਲੀਅਤ ਦਾ ਇਰਾਦਾ ਰੱਖਦਾ ਹੈ।)

[1] ਭਾਵੇਂ ਇਹ ਪੇਪਰ "ਐਪ-ਅਧਾਰਿਤ ਭੋਜਨ-ਡਿਲਿਵਰੀ ਵਰਕਰਾਂ" ਦਾ ਹਵਾਲਾ ਦਿੰਦਾ ਹੈ, ਸਰਕਾਰ ਦਾ ਇਰਾਦਾ ਇਹ ਹੈ ਕਿ ਕੋਈ ਵੀ ਮਾਪਦੰਡ ਅਤੇ ਸੁਰੱਖਿਆ, ਉਹਨਾਂ ਐਪ-ਅਧਾਰਿਤ ਵਰਕਰਾਂ 'ਤੇ ਲਾਗੂ ਹੋਵੇਗੀ ਜੋ ਇੱਕ ਐਪ ਰਾਹੀਂ ਫੂਡ **ਜਾਂ ਹੋਰ ਚੀਜ਼ਾਂ** ਦੀ ਡਿਲਿਵਰੀ ਕਰਦੇ ਹਨ ਜੋ ਡਿਲਿਵਰੀ ਕੋਰੀਅਰ ਨਾਲ ਗਾਹਕ ਦੇ ਔਰਡਰਾਂ ਨੂੰ ਮਿਲਾਉਂਦਾ ਹੈ।

1. ਉਚਿਤ ਭੁਗਤਾਨ (ਤਨਖ਼ਾਹ)

ਬਹੁਤ ਸਾਰੇ ਕਾਮਿਆਂ ਨੇ ਮੰਤਰਾਲੇ ਨੂੰ ਦੱਸਿਆ ਕਿ ਉਹਨਾਂ ਦੀ ਕੁੱਲ ਆਮਦਨ (ਕਾਰ, ਗੈਸ ਅਤੇ ਹੋਰ ਕੰਮ-ਸੰਬੰਧਤ ਖਰਚਿਆਂ ਦੀ ਕਟੌਤੀ ਤੋਂ ਬਾਅਦ) ਬੀ.ਸੀ. ਦੀ ਆਮ ਮਿਨਿਮਮ ਵੇਜ (ਪ੍ਰਤੀ ਘੰਟਾ ਘੱਟ ਤੋਂ ਘੱਟ ਭੁਗਤਾਨ 1 ਜੂਨ 2023 ਤੋਂ $16.75) ਤੋਂ ਘੱਟ ਹੈ ਕਿਉਂਕਿ ਕੁਝ ਕੰਮਾਂ ਲਈ ਕੁੱਲ ਭੁਗਤਾਨ ਘੱਟ ਹੁੰਦਾ ਹੈ, ਅਤੇ ਕਾਮੇ ਕੰਮ ਦੀ ਉਡੀਕ ਵਿੱਚ ਬਿਨਾਂ ਭੁਗਤਾਨ ਦੇ ਸਮਾਂ ਬਿਤਾਉਂਦੇ ਹਨ। ਪਲੈਟਫਾਰਮ ਕੰਪਨੀਆਂ ਨੇ ਮੰਤਰਾਲੇ ਨੂੰ ਕਿਹਾ ਕਿ ਜੇ ਉਨ੍ਹਾਂ ਨੂੰ ਵਰਕਰਾਂ ਨੂੰ ਲੌਗਇਨ (ਕੰਮ 'ਤੇ ਹਾਜ਼ਰ) ਰਹਿਣ ਦੇ ਪੂਰੇ ਸਮੇਂ ਲਈ ਭੁਗਤਾਨ ਕਰਨ ਦੀ ਲੋੜ ਹੋਵੇਗੀ, ਤਾਂ ਉਹ ਵਰਕਰਾਂ ਨੂੰ ਕੰਮ ਨੂੰ ਅਸਵੀਕਾਰ ਕਰਨ ਜਾਂ ਜਦੋਂ ਉਹ ਚਾਹੁਣ ਤਾਂ ਕੰਮ ਕਰਨ ਦੀ ਅਜ਼ਾਦੀ ਨਹੀਂ ਦੇ ਸਕਣਗੇ।

ਉਚਿਤ ਤਨਖ਼ਾਹ ਨੂੰ ਸੰਬੋਧਿਤ ਕਰਨ ਲਈ, ਮੰਤਰਾਲਾ ਸੰਭਾਵੀ ਮਾਪਦੰਡਾਂ ਬਾਰੇ ਤੁਹਾਡੇ ਵਿਚਾਰਾਂ ਨੂੰ ਜਾਣਨਾ ਚਾਹੇਗਾ ਜਿਸ ਲਈ ਕੰਪਨੀਆਂ ਨੂੰ ਵਰਕਰਾਂ ਨੂੰ ਮਿਨਿਮਮ ਵੇਜ (ਟਿੱਪ ਤੋਂ ਇਲਾਵਾ) ਦੇਣ ਅਤੇ ਤੁਹਾਡੇ ਖਰਚਿਆਂ ਲਈ ਵਰਕਰਾਂ ਨੂੰ ਅਦਾਇਗੀ ਕਰਨ ਦੀ ਲੋੜ ਹੋਵੇਗੀ।

A. ਕੀ ਕੰਪਨੀਆਂ ਨੂੰ ਤੁਹਾਡੇ ਵਰਗੇ ਵਰਕਰਾਂ ਨੂੰ ਮਿਨਿਮਮ ਵੇਜ ਦੇਣ ਦੀ ਲੋੜ ਹੋਣੀ ਚਾਹੀਦੀ ਹੈ?
   - ਅਜਿਹਾ ਕਰਨ ਦਾ ਸਭ ਤੋਂ ਵਧੀਆ ਤਰੀਕਾ ਕੀ ਹੈ?
   - ਕੀ ਕੰਪਨੀਆਂ ਨੂੰ ਵਰਕਰਾਂ ਨੂੰ ਕੇਵਲ ਕੰਮ 'ਤੇ ਰੁੱਝੇ ਹੋਣ ਦੇ ਸਮੇਂ ਲਈ ਮਿਨਿਮਮ ਵੇਜ ਦੇਣੀ ਚਾਹੀਦੀ ਹੈ, ਜਾਂ ਉਸ ਸਾਰੇ ਸਮੇਂ ਲਈ ਜਦੋਂ ਉਹ ਐਪ ਵਿੱਚ ਲੌਗਇਨ (ਕੰਮ 'ਤੇ ਹਾਜ਼ਰ) ਰਹੇ?
   - ਕਿੰਨੀ ਰਕਮ ਉਚਿਤ ਹੈ?
B. ਕੀ ਕੰਪਨੀਆਂ ਨੂੰ ਵਰਕਰਾਂ ਨੂੰ ਉਹਨਾਂ ਦੇ ਖਰਚਿਆਂ ਦੀ ਅਦਾਇਗੀ ਕਰਨ ਦੀ ਲੋੜ ਹੋਣੀ ਚਾਹੀਦੀ ਹੈ?
   - ਅਜਿਹਾ ਕਰਨ ਦਾ ਸਭ ਤੋਂ ਵਧੀਆ ਤਰੀਕਾ ਕੀ ਹੈ?
   - ਕੀ ਕੰਪਨੀਆਂ ਨੂੰ ਵਰਕਰਾਂ ਨੂੰ ਉਹਨਾਂ ਦੁਆਰਾ ਗੱਡੀ ਚਲਾਏ ਗਏ ਹਰੇਕ ਕਿਲੋਮੀਟਰ ਲਈ ਘੱਟ ਤੋਂ ਘੱਟ ਰਕਮ ਅਦਾ ਕਰਨੀ ਚਾਹੀਦੀ ਹੈ, ਜਾਂ ਕੀ ਉਹਨਾਂ ਨੂੰ ਵਰਕਰਾਂ ਨੂੰ ਕਿਸੇ ਹੋਰ ਤਰੀਕੇ ਨਾਲ ਭੁਗਤਾਨ ਕਰਨ ਦੀ ਲੋੜ ਹੋਣੀ ਚਾਹੀਦੀ ਹੈ, ਜਿਵੇਂ ਕਿ ਵੱਧ ਤਨਖਾਹਾਂ ਰਾਹੀਂ?
   - ਕਿੰਨੀ ਰਕਮ ਉਚਿਤ ਹੈ?
   - ਕੀ ਕੰਪਨੀਆਂ ਨੂੰ ਗਾਹਕਾਂ ਦੇ 100% ਸੁਝਾਅ ਵਰਕਰਾਂ ਤੱਕ ਪਹੁੰਚਾਉਣ ਦੀ ਲੋੜ ਹੋਣੀ ਚਾਹੀਦੀ ਹੈ?
C. ਇੱਕ ਵਰਕਰ ਦੇ ਤੌਰ 'ਤੇ, ਕੀ ਉੱਪਰ ਦਿੱਤੇ ਘੱਟ ਤੋਂ ਘੱਟ ਮਾਪਦੰਡ ਸਹੀ ਤਨਖ਼ਾਹ ਬਾਰੇ ਤੁਹਾਡੀਆਂ ਚਿੰਤਾਵਾਂ ਨੂੰ ਸੰਬੋਧਿਤ ਕਰ ਸਕਦੇ ਹਨ?
   - ਕਿਰਪਾ ਕਰਕੇ ਸਾਨੂੰ ਉਪਰ ਦਿੱਤੇ ਸਵਾਲਾਂ 'ਤੇ ਆਪਣੇ ਵਿਚਾਰ ਦਿਓ, ਅਤੇ ਉਚਿਤ ਤਨਖ਼ਾਹ ਬਾਰੇ ਆਪਣੇ ਹੋਰ ਵਿਚਾਰ ਸਾਂਝੇ ਕਰੋ। ਆਪਣੇ ਜਵਾਬਾਂ ਅਤੇ ਸਿਫ਼ਾਰਸ਼ਾਂ ਦੇ ਕਾਰਨਾਂ ਬਾਰੇ ਵੀ ਦੱਸੋ।

2. ਤਨਖ਼ਾਹ ਅਤੇ ਮੰਜ਼ਿਲ ਬਾਰੇ ਪਾਰਦਰਸ਼ਤਾ

ਸ਼ਮੂਲੀਅਤ ਦੇ ਪਹਿਲੇ ਪੜਾਅ ਦੇ ਦੌਰਾਨ, ਵਰਕਰਾਂ ਨੇ ਦੱਸਿਆ ਕਿ ਇਹ ਸਪੱਸ਼ਟ ਨਹੀਂ ਹੈ ਕਿ ਤਨਖ਼ਾਹ ਦਾ ਹਿਸਾਬ ਕਿਵੇਂ ਲਾਇਆ ਜਾਂਦਾ ਹੈ, ਇਸ ਲਈ ਇਹ ਜਾਣਨਾ ਮੁਸ਼ਕਲ ਹੈ ਕਿ ਕੀ ਉਹਨਾਂ ਨੂੰ ਸਹੀ ਢੰਗ ਨਾਲ ਭੁਗਤਾਨ ਕੀਤਾ ਗਿਆ ਹੈ। ਉਹਨਾਂ ਨੇ ਇਹ ਵੀ ਕਿਹਾ ਕਿ ਜਦੋਂ ਕੰਪਨੀਆਂ ਕਿਸੇ ਕੰਮ ਨਾਲ ਸੰਬੰਧਤ ਤਨਖ਼ਾਹ ਅਤੇ ਮੰਜ਼ਿਲ ਬਾਰੇ ਪਹਿਲਾਂ ਤੋਂ ਵੇਰਵੇ ਨਹੀਂ ਦਿੰਦੀਆਂ- ਤਾਂ ਇਹ ਫੈਸਲਾ ਕਰਨਾ ਔਖਾ ਹੁੰਦਾ ਹੈ ਕਿ ਕਿਹੜੇ ਕੰਮ ਨੂੰ ਸਵੀਕਾਰ ਕਰਨਾ ਹੈ ਅਤੇ ਅਸੁਰੱਖਿਅਤ ਮਹਿਸੂਸ ਹੋਣ ਵਾਲੇ ਕਿਹੜੇ ਕੰਮ ਤੋਂ ਇਨਕਾਰ ਕਰਨਾ ਹੈ।

ਤਨਖ਼ਾਹ ਅਤੇ ਮੰਜ਼ਿਲ ਬਾਰੇ ਪਾਰਦਰਸ਼ਤਾ ਨੂੰ ਸੰਬੋਧਿਤ ਕਰਨ ਲਈ, ਮੰਤਰਾਲਾ ਸੰਭਾਵੀ ਮਿਆਰਾਂ 'ਤੇ ਤੁਹਾਡੇ ਵਿਚਾਰਾਂ ਦੀ ਮੰਗ ਕਰ ਰਿਹਾ ਹੈ ਜਿਸ ਲਈ ਕੰਪਨੀਆਂ ਨੂੰ ਕਿਸੇ ਕੰਮ ਲਈ ਤਨਖ਼ਾਹ ਅਤੇ ਮੰਜ਼ਿਲਾਂ ਬਾਰੇ ਵਧੇਰੇ ਪਾਰਦਰਸ਼ੀ ਹੋਣ ਦੀ ਲੋੜ ਹੋਵੇਗੀ।

A. ਵਰਕਰਾਂ ਨੂੰ ਕੰਮ ਦੀ ਪੇਸ਼ਕਸ਼ ਕਰਦੇ ਸਮੇਂ, ਕੀ ਕੰਪਨੀਆਂ ਨੂੰ ਤੁਹਾਨੂੰ ਘੱਟ ਤੋਂ ਘੱਟ ਭੁਗਤਾਨ (ਟਿਪ ਤੋਂ ਇਲਾਵਾ) ਦਿਖਾਉਣ ਦੀ ਲੋੜ ਹੋਵੇਗੀ, ਜਿਸ ਨਾਲ ਵਰਕਰਾਂ ਨੂੰ ਕੰਮ ਨੂੰ ਪੂਰਾ ਕਰਨ ਲਈ ਭੁਗਤਾਨ ਕੀਤੇ ਜਾਣ ਦਾ ਭਰੋਸਾ ਦਿੱਤਾ ਜਾ ਸਕਦਾ ਹੈ?
B. ਕੀ ਕੰਪਨੀਆਂ ਨੂੰ ਹਰੇਕ ਵਰਕਰ ਨੂੰ ਹਰ ਦੋ ਹਫ਼ਤਿਆਂ ਵਿੱਚ ਤਨਖ਼ਾਹ ਦਾ ਸਾਰ ਦੇਣ ਦੀ ਲੋੜ ਹੋਣੀ ਚਾਹੀਦੀ ਹੈ ਜੋ ਉਸ ਮਿਆਦ ਦੇ ਦੌਰਾਨ ਕੰਮ ਕੀਤੇ ਗਏ ਸਮੇਂ ਨੂੰ ਦਰਸਾਉਂਦਾ ਹੋਵੇ ਅਤੇ ਤੁਹਾਡੇ ਸਮੇਂ ਲਈ ਭੁਗਤਾਨ ਕੀਤੀ ਗਈ ਰਕਮ ਅਤੇ ਤਨਖ਼ਾਹ ਵਿੱਚ ਯੋਗਦਾਨ ਪਾਉਣ ਵਾਲੇ ਸਾਰੇ ਵੇਰਵੇ ਦਿੰਦਾ ਹੈ, ਜਿਸ ਵਿੱਚ ਟਿੱਪ ਵੀ ਸ਼ਾਮਲ ਹਨ?
C. ਵਰਕਰਾਂ ਨੂੰ ਕੰਮ ਦੀ ਪੇਸ਼ਕਸ਼ ਕਰਦੇ ਸਮੇਂ, ਕੀ ਕੰਪਨੀਆਂ ਨੂੰ ਤੁਹਾਨੂੰ ਕੰਮ ਨਾਲ ਸੰਬੰਧਤ ਪਿਕ-ਅੱਪ ਅਤੇ ਡਰੌਪ-ਔਫ ਥਾਂ ਦਿਖਾਉਣ ਦੀ ਲੋੜ ਹੋਣੀ ਚਾਹੀਦੀ ਹੈ?
D. ਇੱਕ ਵਰਕਰ ਦੇ ਤੌਰ 'ਤੇ, ਕੀ ਉੱਪਰ ਦਿੱਤੇ ਗਏ ਘੱਟ ਤੋਂ ਘੱਟ ਮਿਆਰ ਜਿਵੇਂ ਕਿ ਤਨਖ਼ਾਹ ਅਤੇ ਮੰਜ਼ਿਲ ਬਾਰੇ ਪਾਰਦਰਸ਼ਤਾ ਬਾਰੇ ਤੁਹਾਡੀਆਂ ਚਿੰਤਾਵਾਂ ਨੂੰ ਹੱਲ ਕਰ ਸਕਦੇ ਹਨ?
    - ਕਿਰਪਾ ਕਰਕੇ ਸਾਨੂੰ ਉਪਰ ਦਿੱਤੇ ਸਵਾਲਾਂ 'ਤੇ ਆਪਣੇ ਵਿਚਾਰ ਦਿਓ, ਅਤੇ ਉਚਿਤ ਤਨਖ਼ਾਹ ਬਾਰੇ ਆਪਣੇ ਹੋਰ ਵਿਚਾਰ ਸਾਂਝੇ ਕਰੋ। ਆਪਣੇ ਜਵਾਬਾਂ ਅਤੇ ਸਿਫ਼ਾਰਸ਼ਾਂ ਦੇ ਕਾਰਨਾਂ ਬਾਰੇ ਵੀ ਦੱਸੋ।

3. ਅਕਾਊਂਟ ਅਸਥਾਈ ਤੌਰ ‘ਤੇ ਮੁਅੱਤਲ ਅਤੇ ਬੰਦ ਕਰਨ ਲਈ ਇੱਕ ਉਚਿਤ ਪ੍ਰਕਿਰਿਆ

ਵਰਕਰਾਂ ਨੇ ਨੈਗੇਟਿਵ ਗਾਹਕ ਰਿਪੋਰਟ ਦੇ ਅਧਾਰ 'ਤੇ ਡਰਾਈਵਰਾਂ ਦੇ ਅਕਾਊਂਟਾਂ ਨੂੰ ਕਈ ਦਿਨਾਂ ਲਈ ਮੁਅੱਤਲ ਕੀਤੇ ਜਾਣ - ਜਾਂ ਬੰਦ ਕੀਤੇ ਜਾਣ ਦੀਆਂ ਉਦਾਹਰਣਾਂ ਦਾ ਵਰਣਨ ਕੀਤਾ ਹੈ। ਵਰਕਰਾਂ ਨੇ ਕਦੇ-ਕਦੇ ਉਹਨਾਂ ਦੀ ਆਮਦਨ ਦਾ ਇੱਕੋ ਇੱਕ ਸਰੋਤ ਜਾਂ ਜੋ ਉਹਨਾਂ ਦੀ ਸਮੁੱਚੀ ਆਮਦਨ ਦਾ ਇੱਕੋ-ਇੱਕ ਮਹੱਤਵਪੂਰਨ ਹਿੱਸਾ ਹੁੰਦਾ ਹੈ ਨੂੰ ਅਚਾਨਕ ਕੱਟੇ ਜਾਣ ਦੇ ਗੰਭੀਰ ਪ੍ਰਭਾਵ ਦਾ ਵਰਣਨ ਕੀਤਾ। ਕੁਝ ਵਰਕਰਾਂ ਨੇ ਕਿਹਾ ਹੈ ਕਿ ਅਕਾਊਂਟ ਅਸਥਾਈ ਤੌਰ ‘ਤੇ ਮੁਅੱਤਲ ਜਾਂ ਬੰਦ ਕਰਨ ਦੇ ਫੈਸਲੇ ਦੀ ਸਮੀਖਿਆ ਕਰਨ ਦੀਆਂ ਪ੍ਰਕਿਰਿਆਵਾਂ ਅਨੁਚਿਤ ਜਾਂ ਗੈਰ-ਮੌਜੂਦ ਹੋ ਸਕਦੀਆਂ ਹਨ। ਪਲੈਟਫਾਰਮ ਕੰਪਨੀਆਂ ਨੇ ਸਮਝਾਇਆ ਕਿ ਜਦੋਂ ਉਹਨਾਂ ਨੂੰ ਗੈਰ-ਕਾਨੂੰਨੀ ਜਾਂ ਖਤਰਨਾਕ ਵਿਵਹਾਰ ਬਾਰੇ ਗਾਹਕਾਂ ਦੀਆਂ ਸ਼ਿਕਾਇਤਾਂ ਮਿਲਦੀਆਂ ਹਨ, ਤਾਂ ਉਹਨਾਂ ਦੀ ਇਹ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਜਾਂਚ ਕਰਦੇ ਸਮੇਂ ਵਰਕਰਾਂ ਨੂੰ ਤੁਰੰਤ ਮੁਅੱਤਲ ਕਰਨ - ਅਤੇ ਇਹਨਾਂ ਜਾਂਚਾਂ ਵਿੱਚ ਸਮਾਂ ਲੱਗ ਸਕਦਾ ਹੈ।

ਅਕਾਊਂਟ ਦੀ ਮੁਅੱਤਲੀ, ਡੀਐਕਟੀਵੇਸ਼ਨ ਜਾਂ ਸਮਾਪਤੀ ਵਿੱਚ ਉਚਿਤਤਾ ਨੂੰ ਸੰਬੋਧਿਤ ਕਰਨ ਲਈ, ਮੰਤਰਾਲਾ ਇੱਕ ਵਰਕਰ ਦੇ ਰੂਪ ਵਿੱਚ, ਉਹਨਾਂ ਸੰਭਾਵੀ ਮਿਆਰਾਂ ਬਾਰੇ ਤੁਹਾਡੇ ਵਿਚਾਰਾਂ ਦੀ ਮੰਗ ਕਰ ਰਿਹਾ ਹੈ ਜਿਸ ਲਈ ਕੰਪਨੀਆਂ ਨੂੰ ਨਿਰਪੱਖ ਸ਼ਿਕਾਇਤ ਸਮੀਖਿਆ ਪ੍ਰਕਿਰਿਆ ਦੀ ਲੋੜ ਹੋਵੇਗੀ, ਅਤੇ ਉਹ ਮਿਆਰ ਜਿਨ੍ਹਾਂ ਲਈ ਕੰਪਨੀਆਂ ਨੂੰ ਕਿਸੇ ਵਰਕਰ ਨੂੰ ਬਿਨਾਂ ਕਾਰਨ ਦੇ ਬਰਖਾਸਤ ਜਾਂ ਡੀਐਕਟੀਵੇਟ ਕਰਨ ਦੀ ਸਥਿਤੀ ਵਿੱਚ ਉਸ ਨੂੰ ਨੋਟਿਸ ਜਾਂ ਭੁਗਤਾਨ ਦੇਣ ਦੀ ਲੋੜ ਹੋਵੇਗੀ।

A. ਕੀ ਵਰਕਰ ਨੂੰ ਪਲੈਟਫਾਰਮ ਕੰਪਨੀ ਤੱਕ ਪਹੁੰਚ ਤੋਂ ਮੁਅੱਤਲ ਕੀਤੇ ਜਾਣ ਤੋਂ ਪਹਿਲਾਂ, ਮੁਅੱਤਲੀ ਨੂੰ ਸਮਾਪਤੀ ਜਾਂ ਡੀਐਕਟੀਵੇਸ਼ਨ ਮੰਨੇ ਜਾਣ ਲਈ ਵੱਧ ਤੋਂ ਵੱਧ ਸਮਾਂ ਸੀਮਾ ਹੋਣੀ ਚਾਹੀਦੀ ਹੈ?
    - ਜੇ ਹਾਂ, ਤਾਂ ਇਹ ਕਿੰਨਾ ਸਮਾਂ ਹੋਣਾ ਚਾਹੀਦਾ ਹੈ?
B. ਕੀ ਵਰਕਰਾਂ ਨੂੰ ਨੌਕਰੀ ਤੋਂ ਕੱਢੇ ਜਾਣ ਜਾਂ ਡੀਐਕਟੀਵੇਟ ਕਰਨ ਤੋਂ ਪਹਿਲਾਂ ਉਹਨਾਂ ਦੇ ਖਿਲਾਫ ਕੀਤੀਆਂ ਸ਼ਿਕਾਇਤਾਂ ਜਾਂ ਉਹਨਾਂ ਦੇ ਕੰਮ ਬਾਰੇ ਉਠਾਈਆਂ ਗਈਆਂ ਚਿੰਤਾਵਾਂ ਦਾ ਜਵਾਬ ਦੇਣ ਦਾ ਮੌਕਾ ਮਿਲਣਾ ਚਾਹੀਦਾ ਹੈ?
    - ਜੇ ਹਾਂ, ਤਾਂ ਇਹ ਕਿਵੇਂ ਹੋਣਾ ਚਾਹੀਦਾ ਹੈ?
C. ਕੀ ਵਰਕਰਾਂ ਨੂੰ ਡੀਐਕਟੀਵੇਸ਼ਨ ਸਮੀਖਿਆ ਪ੍ਰਕਿਰਿਆ ਵਿੱਚ ਲੇਬਰ ਜਾਂ ਵਰਕਰਾਂ ਦੀ ਹਿਮਾਇਤ ਕਰਦੀ ਸੰਸਥਾ, ਜਾਂ ਵਰਕਰ ਦੀ ਪਸੰਦ ਦੇ ਹੋਰ ਪ੍ਰਤੀਨਿਧੀ ਦੁਆਰਾ ਨੁਮਾਇੰਦਗੀ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ?
D. ਜੇਕਰ ਕੰਪਨੀਆਂ ਬਿਨਾਂ ਕਾਰਨ ਕਿਸੇ ਵਰਕਰ ਨੂੰ ਡੀਐਕਟੀਵੇਟ ਕਰਨ ਦਾ ਫੈਸਲਾ ਕਰਦੀਆਂ ਹਨ, ਤਾਂ ਕੀ ਉਸ ਕਰਮਚਾਰੀ ਨੂੰ ਦੋ ਹਫ਼ਤਿਆਂ ਦਾ ਨੋਟਿਸ ਦੇਣਾ, ਜਾਂ ਉਹਨਾਂ ਨੂੰ ਮੁਆਵਜ਼ਾ ਦੇਣ ਦੀ ਲੋੜ ਹੋਣੀ ਚਾਹੀਦੀ ਹੈ?

E. ਇੱਕ ਵਰਕਰ ਦੇ ਤੌਰ 'ਤੇ, ਕੀ ਉਪਰ ਦਿੱਤੇ ਘੱਟ ਤੋਂ ਘੱਟ ਮਿਆਰ ਅਕਾਊਂਟ ਮੁਅੱਤਲੀ, ਡੀਐਕਟੀਵੇਸ਼ਨ ਜਾਂ ਸਮਾਪਤੀ ਵਿੱਚ ਨਿਰਪੱਖਤਾ ਬਾਰੇ ਤੁਹਾਡੀਆਂ ਚਿੰਤਾਵਾਂ ਨੂੰ ਦੂਰ ਕਰ ਸਕਦੇ ਹਨ?
    - ਕਿਰਪਾ ਕਰਕੇ ਉਪਰ ਦਿੱਤੇ ਸਵਾਲਾਂ 'ਤੇ ਆਪਣੇ ਵਿਚਾਰ ਸਾਂਝੇ ਕਰੋ, ਜਾਂ ਅਕਾਊਂਟ ਦੀ ਮੁਅੱਤਲੀ, ਡੀਐਕਟੀਵੇਸ਼ਨ ਜਾਂ ਸਮਾਪਤੀ ਵਿੱਚ ਉਚਿਤਤਾ ਬਾਰੇ ਤੁਹਾਡੇ ਕੋਲ ਕੋਈ ਹੋਰ ਪਹੁੰਚਾਂ ਜਾਂ ਵਿਚਾਰ ਦਿਓ ਅਤੇ ਤੁਹਾਡੇ ਜਵਾਬਾਂ ਅਤੇ ਸਿਫ਼ਾਰਸ਼ਾਂ ਦੇ ਕਾਰਨ ਵੀ ਸਾਂਝੇ ਕਰੋ।

4. ਵਰਕਰਾਂ ਦੀ ਸੁਰੱਖਿਆ ਅਤੇ 'ਵਰਕਰਜ਼ ਕੰਪੰਸੇਸ਼ਨ' (ਮੁਆਵਜ਼ਾ)

ਕਾਮਿਆਂ ਨੇ ਕਿਹਾ ਹੈ ਕਿ ਇਹ ਕੰਮ ਕਰਦੇ ਸਮੇਂ ਉਨ੍ਹਾਂ ਨੂੰ ਕਈ ਖਤਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਵੇਂ ਕਿ ਹਿੰਸਕ ਸਵਾਰੀਆਂ ਦੁਆਰਾ ਜ਼ਖਮੀ ਹੋਣਾ ਜਾਂ ਫੂਡ ਡਿਲਿਵਰੀ ਕਰਦੇ ਸਮੇਂ ਬਰਫੀਲੇ ਰਸਤਿਆਂ 'ਤੇ ਫਿਸਲ ਜਾਣਾ। ਜੇਕਰ ਉਹ ਨੌਕਰੀ 'ਤੇ ਜ਼ਖਮੀ ਹੋ ਜਾਂਦੇ ਹਨ ਅਤੇ ਕੰਮ ਕਰਨ ਵਿੱਚ ਅਸਮਰੱਥ ਹੋ ਜਾਂਦੇ ਹਨ, ਤਾਂ ਕਈ ਲੋਕਾਂ ਨੂੰ ਪਤਾ ਲੱਗਦਾ ਹੈ ਕਿ ਉਹ ਖੁੰਝੀਆਂ ਤਨਖਾਹਾਂ ਦੇ ਮੁਆਵਜ਼ੇ ਲਈ 'ਵਰਕਰਜ਼ ਕੰਪੰਸੇਸ਼ਨ' (ਮੁਆਵਜ਼ਾ) ਦਾ ਦਾਅਵਾ ਨਹੀਂ ਕਰ ਸਕਦੇ ਹਨ।

ਇਸ ਮੁੱਦੇ ਦਾ ਹੱਲ ਕਰਨ ਲਈ, ਮੰਤਰਾਲਾ ਇੱਕ ਸੰਭਾਵੀ ਮਿਆਰ 'ਤੇ ਤੁਹਾਡੇ ਵਿਚਾਰਾਂ ਦੀ ਮੰਗ ਕਰ ਰਿਹਾ ਹੈ ਜਿਸ ਲਈ ਪਲੈਟਫਾਰਮ ਕੰਪਨੀਆਂ ਦੁਆਰਾ ਅਦਾ ਕੀਤੇ 'ਵਰਕਰਜ਼ ਕੰਪੰਸੇਸ਼ਨ' ਦੁਆਰਾ ਸਾਰੇ ਵਰਕਰਾਂ ਨੂੰ ਕਵਰ ਕੀਤੇ ਜਾਣ ਦੀ ਲੋੜ ਹੋਵੇਗੀ, ਅਤੇ ਸਾਰੀਆਂ ਪਲੈਟਫਾਰਮ ਕੰਪਨੀਆਂ ਓਨਾ ਪੇਸ਼ੇ ਸੰਬੰਧੀ ਸਿਹਤ ਅਤੇ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨਗੀਆਂ ਜੋ ਵਰਕਰਾਂ ਨੂੰ ਸੁਰੱਖਿਅਤ ਰੱਖਣ ਲਈ ਬਣਾਏ ਗਏ ਹਨ।

A. ਕੀ ਪਲੈਟਫਾਰਮ ਵੱਲੋਂ ਵਰਕਰਾਂ ਦੇ ਮੁਆਵਜ਼ੇ ਦਾ ਭੁਗਤਾਨ ਕਰਨ ਅਤੇ ਪੇਸ਼ੇ ਸੰਬੰਧੀ ਸਿਹਤ ਅਤੇ ਸੁਰੱਖਿਆ ਨਿਯਮਾਂ ਨੂੰ ਅਪਣਾਉਣ ਨਾਲ ਤੁਹਾਡੇ ਵਰਕਰ ਦੀ ਸੁਰੱਖਿਆ ਅਤੇ ਵਰਕਰਾਂ ਦੇ ਮੁਆਵਜ਼ੇ ਦੀਆਂ ਚਿੰਤਾਵਾਂ ਦਾ ਹੱਲ ਹੋ ਸਕਦਾ ਹੈ?
    - ਕਿਰਪਾ ਕਰਕੇ ਉਪਰ ਦਿੱਤੇ ਸਵਾਲ 'ਤੇ ਆਪਣੇ ਵਿਚਾਰ, ਅਤੇ ਵਰਕਰ ਦੀ ਸੁਰੱਖਿਆ ਅਤੇ ਵਰਕਰਾਂ ਦੇ ਮੁਆਵਜ਼ੇ ਬਾਰੇ ਤੁਹਾਡੇ ਕੋਈ ਹੋਰ ਵਿਚਾਰ ਸਾਂਝੇ ਕਰੋ, ਜਿਸ ਵਿੱਚ ਤੁਹਾਡੇ ਜਵਾਬਾਂ ਅਤੇ ਸਿਫ਼ਾਰਸ਼ਾਂ ਦੇ ਕਾਰਨ ਵੀ ਸ਼ਾਮਲ ਕਰੋ।

ਆਪਣੇ ਵਿਚਾਰ ਸਾਂਝੇ ਕਰੋ

ਇਸ ਚਰਚਾ ਪੇਪਰ ਨੂੰ ਪੜ੍ਹਨ ਲਈ ਤੁਹਾਡਾ ਧੰਨਵਾਦ। ਅਸੀਂ ਤੁਹਾਡੇ ਵਿਚਾਰ ਪ੍ਰਾਪਤ ਕਰਨ ਦੀ ਉਮੀਦ ਕਰਦੇ ਹਾਂ। ਕਿਰਪਾ ਕਰਕੇ ਕਿਸੇ ਵੀ ਜਾਂ ਸਾਰੇ ਸਵਾਲਾਂ 'ਤੇ ਆਪਣੇ ਵਿਚਾਰ precariousworkstrategy@gov.bc.ca 'ਤੇ **30 ਸਤੰਬਰ, 2023** ਤੱਕ ਈਮੇਲ ਕਰੋ।